16c·

# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ. 35 ਤਹਿਤ ਸਥਾਪਤ)

## ਟਰਾਂਸਪੋਰਟ ਵਿਭਾਗ

ਨੰ. 3046/ਟਰਾਂਸਪੋਰਟ

ਮਿਤੀ 13-06-2025

ਪੰਜਾਬੀ ਯੂਨੀਵਰਸਿਟੀ ਕੈਂਪਸ ਵਿਖੇ ਈ-ਰਿਕਸ਼ਾ ਸੇਵਾਵਾਂ ਚਲਾਉਣ ਦੇ ਚਾਹਵਾਨ ਵਿਅਕਤੀ ਆਪਣੀਆਂ ਅਰਜ਼ੀਆਂ ਮਿਤੀ 26-06-2025 ਤੱਕ ਰਜਿਸਟਰਾਰ ਦਫ਼ਤਰ, ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਦੇ ਸਕਦੇ ਹਨ। ਨਵੇਂ ਈ-ਰਿਕਸ਼ਾ ਕੰਟਰੈਕਟ (ਮਿਤੀ 01-07-2025 ਤੋਂ 30-06-2026 ਤੱਕ) ਲਈ ਹੇਠ-ਲਿਖੀਆਂ ਸ਼ਰਤਾਂ ਲਾਗੂ ਹੋਣਗੀਆਂ:-

1) ਕੈਂਪਸ ਵਿਖੇ ਈ-ਰਿਕਸ਼ਾ ਚੱਲਣ ਦਾ ਸਮਾਂ ਸਵੇਰੇ 6:00 ਵਜੇ ਤੋਂ ਰਾਤ 9:00 ਵਜੇ ਤੱਕ ਦਾ ਹੋਵੇਗਾ। ਈ-ਰਿਕਸ਼ਾ ਦਾ ਰੂਟ one way ਹੋਵੇਗਾ, ਇਹ ਰਿਕਸ਼ਾ ਜਿਸ ਜਗ੍ਹਾ ਤੋਂ ਚੱਲੇਗਾ, ਉਸੇ ਜਗ੍ਹਾ ਹੀ ਯੂਨੀਵਰਸਿਟੀ ਦਾ ਚੱਕਰ ਲਗਾ ਕੇ ਵਾਪਸ ਆਵੇਗਾ। ਈ-ਰਿਕਸ਼ਾ ਯੂਨੀਵਰਸਿਟੀ ਮੇਨ ਗੇਟ ਤੋਂ ਚੱਲੇਗਾ।

2) ਯੂਨੀਵਰਸਿਟੀ ਕੈਂਪਸ ਵਿਖੇ ਹਾਲ ਦੀ ਘੜੀ 5 ਤੋਂ 10 ਈ-ਰਿਕਸ਼ਾ ਚਲਾਏ ਜਾਣਗੇ। ਜੇਕਰ ਬਾਅਦ ਵਿੱਚ ਰਿਕਸ਼ਿਆਂ ਦੀ ਗਿਣਤੀ 'ਚ ਵਾਧਾ ਕਰਨ ਦੀ ਲੋੜ ਮਹਿਸੂਸ ਹੋਈ ਤਾਂ ਲੋੜ ਅਨੁਸਾਰ ਵਾਧਾ ਕਰ ਲਿਆ ਜਾਵੇਗਾ।

3) ਈ-ਰਿਕਸ਼ਾ ਫਰਮ/ਕੰਟਰੈਕਟਰ ਵੱਲੋਂ ਸਕਿਊਰਟੀ ਵਜੋਂ 10,000/ਰੁ. (ਕੇਵਲ ਦਸ ਹਜ਼ਾਰ ਰੁਪਏ) ਯੂਨੀਵਰਸਿਟੀ ਕੈਸ਼ੀਅਰ ਕੋਲ ਜਮ੍ਹਾ ਕਰਵਾਇਆ ਜਾਵੇਗਾ, ਜੋ ਕਿ ਕੰਟਰੈਕਟ ਖਤਮ ਹੋਣ ਉਪਰੰਤ ਵਾਪਸ ਕਰਨਯੋਗ ਹੋਣਗੇ। ਇਸ ਤੋਂ ਇਲਾਵਾ ਹਰ ਮਹੀਨੇ ਦਾ ਘੱਟੋ-ਘੱਟ ਕਿਰਾਇਆ 3,400/ਰੁ. (18%GST ਵੱਖਰਾ ਹੋਵੇਗਾ) ਜਾਂ ਕੰਟਰੈਕਟ ਅਨੁਸਾਰ ਵੱਧ ਹੋਣ ਤੇ ਪ੍ਰਤੀ ਰਿਕਸ਼ਾ ਐਡਵਾਂਸ ਜਮ੍ਹਾ ਕਰਵਾਇਆ ਜਾਵੇਗਾ।

4) ਈ-ਰਿਕਸ਼ਾ ਨੂੰ ਰਾਤ ਸਮੇਂ ਪਾਰਕ ਕਰਨ ਲਈ ਮੇਨ ਗੇਟ ਨੇੜੇ ਪਾਰਕਿੰਗ ਵਿਚ ਜਗਾ ਮੁਹੱਈਆ ਕਰਵਾਈ ਜਾਵੇਗੀ।

5) ਈ-ਰਿਕਸ਼ਾ ਚਾਲਕ/ਫਰਮ/ਫਰਮਾਂ ਜੇਕਰ ਕੈਂਪਸ ਵਿਖੇ ਈ-ਰਿਕਸ਼ਾ ਚਾਰਜ ਕਰਨਾ ਚਾਹੁਣ ਤਾਂ ਚਾਰਜਿੰਗ ਪੁਆਇੰਟ ਲਈ ਮੇਨ ਗੇਟ ਤੇ (ਐਸ.ਡੀ.ਓ. ਰਾਹੀਂ) ਬਿਜਲੀ ਦਾ ਕੁਨੈਕਸ਼ਨ ਲੈਣਗੇ ਅਤੇ ਬਿਜਲੀ ਦੇ ਬਿੱਲ ਦੀ ਅਦਾਇਗੀ ਸਮੇਂ-ਸਿਰ ਕਰਨਗੇ ਜਾਂ ਆਪਣੇ ਪੱਧਰ ਤੇ ਈ-ਰਿਕਸ਼ਾ ਬਾਹਰੋਂ ਚਾਰਜ ਕਰਕੇ ਚਲਾਉਣਗੇ।

6) ਜਿਸ ਵਿਅਕਤੀ/ਫਰਮ/ਫਰਮਾਂ ਨੂੰ ਈ-ਰਿਕਸਾ ਕੰਟਰੈਕਟ ਦਿੱਤਾ ਜਾਵੇਗਾ, ਉਸ ਵੱਲੋਂ ਇਹ ਯਕੀਨੀ ਬਣਾਇਆ ਜਾਵੇਗਾ ਕਿ Motor Vehicle Act ਤਹਿਤ/ਈ-ਰਿਕਸ਼ਾ ਸਬੰਧੀ ਨਿਯਮਾਂ (ਈ-ਰਿਕਸ਼ਾ ਦੀ ਆਰ.ਸੀ., ਵੈਲਿਡ ਡਰਾਈਵਿੰਗ ਲਾਇਸੰਸ ਆਦਿ) ਦੀ ਪਾਲਣਾ ਕੀਤੀ ਜਾਵੇਗੀ। ਨਿਯਮਾਂ ਦੀ ਉਲੰਘਣਾ ਕਰਨ ਤੇ ਇਹ ਕੰਟਰੈਕਟ ਤੁਰੰਤ ਰੱਦ ਕਰ ਦਿੱਤਾ ਜਾਵੇਗਾ। ਸਬੰਧਤ ਵਿਕਅਤੀ/ਫਰਮ/ਫਰਮਾਂ ਵੱਲੋਂ ਈ-ਰਿਕਸ਼ਾ ਦਾ ਸਾਰਾ ਰਿਕਾਰਡ ਮੇਨਟੇਨ ਰੱਖਿਆ ਜਾਵੇਗਾ ਤੇ ਜਿੰਮੇਵਾਰੀ ਸਬੰਧਤ ਦੀ ਹੋਵੇਗੀ।

7) ਈ-ਰਿਕਸ਼ਾ ਵਿਦਿਆਰਥੀਆਂ ਦੀ ਸੁਰੱਖਿਆ ਨੂੰ ਮੁੱਖ ਰੱਖਦਿਆਂ ਨਿਯਮਤ ਰੂਟ ਅਤੇ ਨਿਯਮਤ ਸਮੇਂ ਅਨੁਸਾਰ ਯੂਨੀਵਰਸਿਟੀ ਟ੍ਰੈਫਿਕ ਨਿਯਮਾਂ ਦੀ ਪਾਲਣਾ ਕਰਦਿਆਂ ਕੰਟਰੈਕਟਰ ਵੱਲੋਂ ਚਾਲਕਾਂ/ਡਰਾਈਵਰਾਂ ਦੇ ਲਾਇਸੰਸ, ਆਈ.ਡੀ. ਆਦਿ ਨੋਡਲ ਅਫ਼ਸਰ ਕੋਲ ਜਮਾਂ ਕਰਵਾਏ ਜਾਣਗੇ।

8) ਈ-ਰਿਕਸ਼ਾ ਚਾਲਕ ਵਿਦਿਆਰਥੀਆਂ/ਕਰਮਚਾਰੀਆਂ/ਵਿਜ਼ੀਟਰਜ਼ ਪਾਸੋਂ 10/ਰੁ. ਪ੍ਰਤੀ ਵਿਅਕਤੀ ਚਾਰਜ/ਕਿਰਾਇਆ ਲੈਣਗੇ।

9) ਯੂਨੀਵਰਸਿਟੀ ਪ੍ਰਸ਼ਾਸ਼ਨ ਵੱਲੋਂ ਕੰਟਰੈਕਟਰ ਨੂੰ ਦਿੱਤੇ ਗਏ ਦਿਸ਼ਾ-ਨਿਰਦੇਸ਼ਾਂ ਅਨੁਸਾਰ ਹੀ ਕੰਮਕਾਜ ਚਲਾਇਆ ਜਾਵੇਗਾ ਅਤੇ ਵਿਦਿਆਰਥੀਆਂ, ਕਰਮਚਾਰੀਆਂ, ਵਿਜ਼ੀਟਰਜ਼ ਨਾਲ ਕਿਸੇ ਵੀ ਪ੍ਰਕਾਰ ਦਾ ਝਗੜਾ ਆਦਿ ਨਹੀਂ ਕੀਤਾ ਜਾਵੇਗਾ। ਕਿਸੇ ਵੀ ਪ੍ਰਕਾਰ ਦੇ ਲੜਾਈ-ਝਗੜੇ/ਵਿਵਾਦ ਸਬੰਧੀ ਕਮੇਟੀ ਦਾ ਫੈਸਲਾ ਅੰਤਿਮ ਹੋਵੇਗਾ ਅਤੇ ਇਸ ਫੈਸਲੇ ਅਨੁਸਾਰ ਹੀ ਅਗਲੇਰੀ ਕਾਰਵਾਈ ਕੀਤੀ ਜਾਵੇਗੀ।

10) ਉਕਤ ਤੋਂ ਇਲਾਵਾ ਇਸ ਸਬੰਧੀ ਹੋਰ ਜਾਣਕਾਰੀ ਟਰਾਂਸਪੋਰਟ ਦਫ਼ਤਰ ਤੋਂ ਕਿਸੇ ਵੀ ਕੰਮਕਾਜ ਵਾਲੇ ਦਿਨ, ਪ੍ਰਾਪਤ ਕੀਤੀ ਜਾ ਸਕਦੀ ਹੈ।

13/6/25

ਰਜਿਸਟਰਾਰ